ਪੁਸਤਕ ਨੰ: ੩੦]

# ਚੰਦਰ ਕਾਂਤਾ

[ਸੰਤੁਤ ਭਾਗ ੧੬



G-843

ਪ੍ਰਕਾਸ਼ਕ
ਭਾਈ ਸੁੰਦ੍ਰ ਸਿੰਘ ਹਕੀਮ ਚੌਂਕ ਬਾਬਾ ਅਟੱਲ
ਅੰਮ੍ਰਿਤਸਰ

ਅਪ੍ਰ0 ਖਸਾ
V. 16
24402

੧ ੴ ਸਤਿਗੁਰਪ੍ਰਸਾਦਿ ॥

# ਚੰਦ੍ਰਕਾਂਤਾ ਸੰਤਤਿ

### ਸੋਹਲਵਾਂ ਭਾਗ

## ਪਹਿਲਾ ਕਾਂਡ

ਹੁਣ ਅਸੀਂ ਫੇਰ ਆਪਨੇ ਪਾਠਕਾਂ ਨੂੰ ਜਮਾਨੀਆਂ ਦੇ ਤਲਿਸਮ ਵਿਚ ਲੈ ਜਾਕੇ ਇੰਦ੍ਰਾ ਦੇ ਮੂੰਹੋਂ ਓਸਦਾ ਬਾਕੀ ਹਾਲ ਸੁਣਵਾਉਂਦੇ ਹਾਂ ਜਿਸਨੂੰ ਅਧੂਰਾ ਛੱਡਿਆ ਹੋਇਆ ਹੈ।

ਇੰਦ੍ਰਾ ਨੇ ਇਕ ਹਾਉਕਾ ਭਰਕੇ ਕਿਹਾ:-ਜਦ ਮੈਂ ਆਪਣੀ ਮਾਂ ਦੀ ਲਿਖੀ ਹੋਈ ਚਿੱਠੀ ਪੜ੍ਹ ਚੁੱਕੀ ਤਾਂ ਪ੍ਰਸੰਨ ਹੋਕੇ ਮਨ ਵਿਚ ਸੋਚਨ ਲੱਗੀ ਕਿ ਈਸ਼੍ਵਰ ਚਾਹੇਗਾ ਤਾਂ ਮੈਂ ਬਹੁਤ ਛੇਤੀ ਆਪਣੀ ਮਾਂ ਨੂੰ ਮਿਲਾਂਗੀ ਅਰ ਦੋਵੇਂ ਏਸ ਕੈਦ ਤੋਂ ਛੁੱਟ ਜਾਵਾਂਗੀਆਂ ਬੱਸ ਹੁਣ ਏਨੀ ਹੀ ਢਿੱਲ ਹੈ ਕਿ ਦਰੋਗਾ ਮੇਰੇ ਪਾਸ ਆਵੇ ਤੇ ਮੈਂ ਉਸਦਾ ਕਹਿਣਾ ਪੂਰਾ ਕਰਾਂ। ਥੋੜਾ ਚਿਰ ਸੋਚਨ ਦੇ ਪਿਛੋਂ ਮੈਂ ਕਿਹਾ:- ਅੰਮਾਂ ਜੋ ਕੁਛ ਦਰੋਗਾ ਸਾਹਬ ਕਹਿਣ ਓਹ ਤੁਰਤ ਕਰ ਦੇਣਾ ਚਾਹੀਏ।

ਅੰਮਾਂ-ਨਹੀਂ ਬੱਚੀ ਤੂੰ ਭੁੱਲਦੀ ਹੈਂ ਕਿਉਂਕਿ ਤੂੰ ਅਜੇ ਅੰਞਾਣੀ ਹੈਂ ਦਰੋਗੇ ਦੀਆਂ ਚਾਲਬਾਜੀਆਂ ਨੂੰ ਨਹੀਂ ਸਮਝ ਸਕਦੀ ਜੇ ਤੂੰ ਦਰੋਗੇ ਦੇ ਕਹੇ ਅਨੁਸਾਰ ਕੰਮ ਕਰ ਦੇਵੇਂਗੀ ਤਾਂ ਤੇਰੀ ਮਾਂ ਤੇ ਤੂੰ ਦੋਵੇਂ ਮਾਰ ਦਿੱਤੀਆਂ, ਜਾਵੇਂਗੀਆਂ, ਇਸ ਵਿਚ ਕੋਈ ਸੰਦੇਹ ਨਹੀਂ ਕਿ ਦਰੋਗੇ ਨੇ ਇਹ ਚਿੱਠੀ ਤੇਰੀ ਮਾਂ ਪਾਸੋਂ

ਬਦੋਬਦੀ ਲਿਖਵਾਈ ਹੈ।

ਮੈਂ– ਫੇਰ ਤੂੰ ਇਸ ਚਿੱਠੀ ਵੱਲੋਂ ਇਹ ਕਿਉਂ ਕਿਹਾ ਸੀ ਕਿ ਤੇਰੇ ਲਈ ਇਕ ਪ੍ਰਸੰਨਤਾ ਦੀ ਖਬਰ ਲਿਆਈ ਹਾਂ ?

ਅੰਮਾ–ਪ੍ਰਸੰਨਤਾ ਦੀ ਖਬਰ ਤੋਂ ਮੇਰਾ ਪ੍ਰਯੋਜਨ ਇਹ ਨਹੀਂ ਸੀ ਕਿ ਜੇ ਤੂੰ ਦਰੋਗੇ ਦੇ ਕਹੇ ਅਨੁਸਾਰ ਕੰਮ ਕਰ ਦੇਵੇਂਗੀਤਾਂ ਤੈਨੂੰ ਤੇ ਤੇਰੀ ਮਾਂ ਨੂੰ ਛੁਟਕਾਰਾ ਮਿਲ ਜਾਵੇਗਾ ਸਗੋਂ ਮੇਰਾ ਭਾਵ ਇਹ ਸੀ ਕੀ ਤੇਰੀ ਮਾਂ ਅਜੇ ਤੱਕ ਜੀਉਂਦੀ ਹੈ ਇਸ ਗੱਲ ਦਾ ਤੈਨੂੰ ਪਤਾ ਲੱਗ ਗਿਆ ਹੈ। ਕੀ ਤੈਨੂੰ ਅੱਜ ਤੱਕ ਮਲੂਮ ਨਹੀਂ ਹੋਇਆ ਕਿ ਤੈਨੂੰ ਆਪ ਦਰੋਗੇ ਨੇ ਕੈਦ ਕੀਤਾ ਹੈ ?

ਇੰਦਰਾ– ਇਹ ਤਾਂ ਮੈਂ ਆਪ ਤੈਨੂੰ ਦੱਸ ਚੁਕੀ ਹਾਂ ਕਿ ਦਰੋਗੇ ਨੇ ਮੈਨੂੰ ਧੋਖਾ ਦੇਕੇ ਕੈਦ ਕਰ ਲਿਆ ਹੈ।

ਅੰਮਾਂ– ਕੀ ਤੈਨੂੰ ਛੱਡ ਦੇਨ ਨਾਲ ਦਰੋਗੇ ਦੀ ਜਾਨ ਬਚ ਸਕਦੀ ਹੈ ? ਕੀ ਦਰੋਗਾ ਇਸ ਗੱਲ ਨੂੰ ਨਹੀਂ ਸਮਝਦਾ ਕਿ ਜੇ ਮੈਂ ਤੈਨੂੰ ਛੱਡ ਦੇਵਾਂਗਾ ਤਾਂ ਤੂੰ ਸਿੱਧੀ ਰਾਜਾ ਗੋਪਾਲ ਸਿੰਘ ਦੇ ਪਾਸ ਪਹੁੰਚਕੇ ਆਪਣਾ ਤੇ ਲੱਛਮੀ ਦੇਵੀ ਦਾ ਸਾਰਾ ਹਾਲ ਖੋਲ੍ਹ ਦੇਵੇਂਗੀ ? ਫੇਰ ਦਰੋਗੇ ਦੀ ਕੀ ਹਾਲ ਹੋਵੇਗੀ ?

ਮੈਂ–ਠੀਕ ਹੈ, ਦਰੋਗਾ ਮੈਨੂੰ ਕਦੀ ਨਾ ਛੱਡੇਗਾ।

ਅੰਮਾਂ–ਹਾਂ ਕਦੇ ਨਹੀਂ ਛੱਡੇਗਾ, ਦਰੋਗਾ ਤਾਂ ਤੈਨੂੰ ਹੁਣ ਦਾ ਚਰੋਕਣਾ ਮਾਰ ਚੁੱਕਾ ਹੁੰਦਾ ਪਰ ਉਸਨੇ ਤੈਥੋਂ ਕੁਛ ਅਪਣਾ ਮਨੋਰਥ ਸਿੱਧ ਕਰਨਾ ਹੈ ਏਸੇ ਲਈ ਕੈਦ ਕੀਤਾ ਹੋਇਆਸੂ, ਜਿਸ ਦਿਨ ਉਸਦਾ ਕੰਮ ਪੂਰਾ ਹੋ ਜਾਵੇਗਾ ਓਸੇ ਦਿਨ ਤੁਹਾਨੂੰ ਦੋਹਾਂ ਨੂੰ ਮਾਰ ਸੁੱਟੇਗਾ, ਜਿਤਨਾ ਚਿਰ ਉਸਦਾ ਕੰਮ ਨਹੀਂ ਹੁੰਦਾ



ਉਤਨਾ ਚਿਰ ਹੀ ਤੁਹਾਡੀ ਜਾਨ ਬਚੀ ਹੋਈ ਹੈ (ਚਿੱਠੀ ਵੱਲ ਸੈਨਤ ਕਰਕੇ) ਇਹ ਚਿੱਠੀ ਉਸਨੇ ਅਜੇਹੀ ਚਲਾਕੀ ਨਾਲ ਲਿਖਵਾਈ ਹੈ ਜਿਸ ਨਾਲ ਤੂੰ ਉਸਦਾ ਕੰਮ ਬਹੁਤ ਛੇਤੀ ਕਰ ਦੇਵੇਂ ।

ਮੈਂ–ਅੰਮਾਂ ਤੂੰ ਸੱਚ ਕਿਹਾ ਹੈ, ਹੁਣ ਭਾਵੇਂ ਕੁਛ ਹੋਵੇ ਮੈਂ ਕਦੇ ਦਰੋਗੇ ਦੀ ਗੱਲ ਨਹੀਂ ਮੰਨਾਂਗੀ।

ਅੰਮਾਂ–ਜੇ ਤੂੰ ਮੇਰੇ ਕਹੇ ਅਨੁਸਾਰ ਚਲੇਂਗੀ ਤਾਂ ਜ਼ਰੂਰ ਤੁਹਾਡੀ ਦੋਹਾਂ ਦ ਜਾਨ ਬਚ ਜਾਵੇਗੀ ਅਰ ਨਿਸਚਾ ਹੈ ਕਿ ਇਕ ਨ ਇਕ ਦਿਨ ਇਸ ਕੈਦੋਂ ਭੀ ਛੁਟਕਾਰਾ ਹੋ ਜਾਵੇਗਾ।

ਮੈਂ–ਹੁਣ ਤਾਂ ਮੈਂ ਓਹੋ ਕਰਾਂਗੀ ਜੋ ਤੂੰ ਕਹੇਂਗੀ।

ਅੰਮਾ–ਅਰ ਮੈਂ ਡਰਦੀ ਹਾਂ ਕਿ ਜਦ ਦਰੋਗਾ ਤੈਨੂੰ ਕੁਛ ਧਮਕਾਵੇਗਾ ਜਾਂ ਮਾਰੇ ਕੁੱਟੇਗਾ ਤਾਂ ਤੂੰ ਜ਼ਰੂਰ ਉਸਦਾ ਕੰਮ ਕਰ ਦੇਵੇਂਗੀ।

ਮੈਂ–ਨਹੀਂ ਨਹੀਂ ਭਾਵੇ ਓਹ ਮੇਰੀ ਬੋਟੀ ੨ ਉਡਾ ਦੇਵੇ ਤਦ ਭੀ ਮੈਂ ਤੇਰੇ ਕਹੇ ਬਿਨਾਂ ਕੋਈ ਕੰਮ ਨਹੀਂ ਕਰਾਂਗੀ।

ਅੰਮਾਂ–ਇਹ ਤਾਂ ਠੀਕ ਹੈ ਪਰ ਨਾਲ ਹੀ ਤੂੰ ਕਿਤੇ ਇਹ ਨਾਂ ਕਹਿ ਦੇਵੀਂ ਕਿ ਅੰਮਾਂ ਕਹੇਗੀ ਤਾਂ ਮੈਂ ਤੇਰਾ ਕੰਮ ਕਰ ਦੇਵਾਂਗੀ'

ਮੈਂ–ਹੱਛਾ ਇਹ ਤਾਂ ਨਹੀਂ ਕੈਂਹਦੀ ਪਰ ਮੈਂ ਉਸਨੂੰ ਕਿ ਕਹਾਂ, ਇਹ ਤਾਂ ਦਸਦੇ।

ਅੰਮਾਂ–ਬੱਸ ਜਿੱਥੋਂ ਤੱਕ ਹੋ ਸਕੇ ਟਾਲਮਟੋਲਾ ਕਰੀ ਜਾਵੀਂ, ਦੋ ਤਿੰਨ ਦਿਨ ਬਹਾਨੇ ਨਾਲ ਲੰਘਾ ਲੈਣੇ ਚਾਹੀਦੇ ਹਨ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.